# MoS inaugurates a philately exhibition on ‘India and the UN: A Postal History’ to mark the 75th UN Day

October 24, 2020

……………………………………………………………………………………………………………

## 75ਵੇਂ ਸੰਯੁਕਤ ਰਾਸ਼ਟਰ ਦਿਹਾੜੇ ਦੇ ਮੌਕੇ ‘ਭਾਰਤ ਅਤੇ ਸੰਯੁਕਤ ਰਾਸ਼ਟਰ: ਇੱਕ ਡਾਕ ਇਤਿਹਾਸ’ ਪ੍ਰਦਰਸ਼ਨੀ ਦਾ ਰਾਜ ਮੰਤਰੀ ਵੱਲੋਂ ਉਦਘਾਟਨ

24 ਅਕਤੂਬਰ, 2020

24 ਅਕਤੂਬਰ, 2020 ਨੂੰ 75ਵੇਂ ਸੰਯੁਕਤ ਰਾਸ਼ਟਰ ਦਿਹਾੜੇ ਦੇ ਮੌਕੇ 'ਤੇ ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਨੇ ਮੁੱਖ ਮਹਿਮਾਨ ਵਜੋਂ ਟਿੱਪਣੀ ਕੀਤੀ ਅਤੇ ‘ਭਾਰਤ ਅਤੇ ਸੰਯੁਕਤ ਰਾਸ਼ਟਰ: ਇੱਕ ਡਾਕ ਇਤਿਹਾਸ" ਵਿਸ਼ੇ 'ਤੇ ਫਿਲਾਟੇਲੀ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ। ਇਹ ਉਦਘਾਟਨ ਸੰਯੁਕਤ ਰਾਸ਼ਟਰ ਦੁਆਰਾ ਭਾਰਤ ਵਿਚ ਕਰਾਏ ਗਏ ਇੱਕ ਵਰਚੁਅਲ ਪ੍ਰੋਗਰਾਮ ਦੌਰਾਨ ਕੀਤਾ ਗਿਆ।

ਮਾਨਯੋਗ ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਨੇ ਆਪਣੀ ਟਿੱਪਣੀ ਕਰਦੇ ਹੋਏ ਪਿਛਲੇ ਸੱਤ ਦਹਾਕਿਆਂ ਦੌਰਾਨ ਭਾਰਤ ਵੱਲੋਂ ਸੰਯੁਕਤ ਰਾਸ਼ਟਰ ਦੇ ਕੰਮ ਵਿੱਚ ਪਾਏ ਗਏ ਬਹੁਪੱਖੀ ਯੋਗਦਾਨ ਬਾਰੇ ਚਾਨਣਾ ਪਾਇਆ। ਸੰਯੁਕਤ ਰਾਸ਼ਟਰ ਪ੍ਰਤੀ ਭਾਰਤ ਦੀ ਵਚਨਬੱਧਤਾ ਦੁਹਰਾਂਦੇ ਹੋਏ ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ 2021-22 ਦੌਰਾਨ ਭਾਰਤ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਆਪਣੇ ਕਾਰਜਕਾਲ ਦੌਰਾਨ ਸੰਯੁਕਤ ਰਾਸ਼ਟਰ ਵਿੱਚ ਸੁਧਾਰ ਲਿਆਉਣ ਅਤੇ ਇਸਨੂੰ ਮੁੜ ਸੁਰਜੀਤ ਕਰਨ ਲਈ ਹੋਰ ਸਾਰੇ ਮੁਲਕਾਂ ਨਾਲ ਮਿਲਕੇ ਕੰਮ ਕਰਨ ਦੀ ਆਸ ਕਰਦਾ ਹੈ।

ਨਵੀਂ ਦਿਲੀ
24 ਅਕਤੂਬਰ, 2020

DISCLAIMER: This is an approximate translation. The original is available in English on MEA’s website and may be referred to as the official press release.